# ਦਫਤਰ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਮੈਜਿਸਟਰੇਟ, ਫਰੀਦਕੋਟ।
## (ਫੁੱਟਕਲ ਸ਼ਾਖਾ)

ਹੁਕਮ ਨੰਬਰ: **450 / ਫਸ**

ਜਿਵੇਂ ਕਿ ਭਾਰਤ ਸਰਕਾਰ ਵੱਲੋਂ ਕੋਵਿਡ-19 ਨੂੰ ਮਹਾਂਮਾਰੀ ਘੋਸ਼ਿਤ ਕੀਤਾ ਗਿਆ। ਰਾਜ ਸਰਕਾਰ ਅਤੇ ਜਿਲ੍ਹਾ ਪ੍ਰਸ਼ਾਸ਼ਨ ਵੱਲੋਂ ਇਸ ਮਹਾਂਮਾਰੀ ਦੇ ਬਚਾਅ ਲਈ ਢੁਕਵੇਂ ਕਦਮ ਚੁੱਕੇ ਜਾ ਰਹੇ ਹਨ। ਇਸ ਲੜੀ ਤਹਿਤ ਇਸ ਦਫਤਰ ਵੱਲੋਂ ਹੁਕਮ ਨੰਬਰ 212/ਫਸ ਮਿਤੀ 23.03.2020, ਜੋ ਕਿ ਪਿੱਠਅੰਕਣ ਨੰਬਰ 1587/ਫਸ ਮਿਤੀ 23.03.2020 ਰਾਹੀਂ ਜਿਲ੍ਹਾ ਫਰੀਦਕੋਟ ਦੀ ਹਦੂਦ ਅੰਦਰ ਅਗਲੇ ਹੁਕਮਾਂ ਤੱਕ ਕਰਫਿਊ ਲਗਾਇਆ ਗਿਆ ਸੀ। ਇਸ ਉਪਰੰਤ ਇਸ ਕਰਫਿਊ ਵਿੱਚ ਸਵੇਰੇ 07.00 ਵਜੇ ਤੋਂ ਸ਼ਾਮ 07.00 ਵਜੇ ਤੱਕ ਢਿੱਲ ਦਿੱਤੀ ਗਈ ਸੀ।

ਜਿਵੇਂ ਕਿ ਭਾਰਤ ਸਰਕਾਰ ਦੇ ਗ੍ਰਹਿ ਸਕੱਤਰ ਵੱਲੋਂ ਮੀਮੋ ਨੰਬਰ 40-3/2020/ ਡੀ.ਐਮ.-1 (ਏ) ਮਿਤੀ 30.05.2020 ਰਾਹੀਂ ਜਾਰੀ ਆਦੇਸ਼ਾਂ ਮੁਤਾਬਿਕ ਭਾਰਤ ਦੇਸ਼ ਵਿੱਚ ਕੰਨਟੇਨਮੈਂਟ ਜੋਨਾਂ ਵਿੱਚ ਲਾਕਡਾਊਨ ਮਿਤੀ 30.06.2020 ਤੱਕ ਵਧਾ ਦਿੱਤਾ ਗਿਆ ਹੈ। ਇਸ ਤਰ੍ਹਾ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਵੱਲੋਂ ਮੀਮੋ ਨੰਬਰ ਐਸ.ਐਸ./ਏ.ਸੀ.ਐਸ.ਐਚ./2020/456 ਮਿਤੀ 31.05.2020 ਰਾਹੀਂ ਜਾਰੀ ਹਦਾਇਤਾਂ ਦੀ ਰੋਸ਼ਨੀ ਵਿੱਚ ਇਸ ਦਫਤਰ ਦੇ ਹੁਕਮ ਨੰਬਰ:449/ਫਸ ਮਿਤੀ 31.05.2020 ਦੀ ਲਗਾਤਾਰਤਾ ਵਿੱਚ ਮੈਂ ਕੁਮਾਰ ਸੌਰਭ ਰਾਜ, ਆਈ.ਏ.ਐਸ., ਜਿਲ੍ਹਾ ਮੈਜਿਸਟਰੇਟ ਫਰੀਦਕੋਟ ਅਧੀਨ ਧਾਰਾ 144 ਸੀ.ਆਰ.ਪੀ.ਸੀ. ਤਹਿਤ ਨਿਹਿਤ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਜਿਲ੍ਹਾ ਫਰੀਦਕੋਟ ਅੰਦਰ ਹੇਠ ਲਿਖੇ ਅਨੁਸਾਰ ਗਤੀਵਿਧੀਆਂ ਕਰਨ ਦਾ ਹੁਕਮ ਦਿੰਦਾ ਹਾਂ।

1. ਸਮੂਹ ਜਰੂਰੀ/ ਗੈਰ ਜਰੂਰੀ ਵਸਤਾਂ ਦੀਆਂ ਦੁਕਾਨਾਂ ਜਿਲ੍ਹਾ ਫਰੀਦਕੋਟ ਅੰਦਰ ਸਵੇਰੇ 07.00 ਵਜੇਂ ਤੋਂ ਸ਼ਾਮ 07.00 ਵਜੇ ਤੱਕ ਖੁੱਲੀਆਂ ਰਹਿਣਗੀਆਂ।
2. ਸ਼ਰਾਬ ਦੇ ਠੇਕੇ/ ਦੁਕਾਨਾਂ ਸਵੇਰੇ 08.00 ਵਜੇ ਤੋਂ ਸ਼ਾਮ 08.00 ਵਜੇ ਤੱਕ ਖੋਲੇ ਜਾ ਸਕਦੇ ਹਨ।
3. ਧਾਰਮਿਕ ਸਥਾਨ, ਪੂਜਾ ਸਥਾਨ ਮਿਤੀ 07.06.2020 ਤੱਕ ਬੰਦ ਰਹਿਣਗੇ। ਇਸ ਉਪਰੰਤ ਪੰਜਾਬ ਸਰਕਾਰ ਵੱਲੋਂ ਇਸ ਸਬੰਧੀ Standard Operating Procedure (SOP) ਜਾਰੀ ਕੀਤਾ ਜਾਵੇਗਾ। ਇਸ SOP ਦੇ ਆਧਾਰ ਤੇ ਇਸ ਦਫਤਰ ਵੱਲੋਂ ਮਿਤੀ 07.06.2020 ਨੂੰ ਵੱਖਰਾ ਹੁਕਮ ਜਾਰੀ ਕੀਤਾ ਜਾਵੇਗਾ।
4. ਇਸੇ ਤਰ੍ਹਾਂ ਹੋਟਲਜ਼ ਅਤੇ ਪ੍ਰਾਹੁਣਾਚਾਰੀ ਦੇ ਹੋਰ ਸਥਾਨ, ਸ਼ਾਪਿੰਗ ਮਾਲਜ਼ ਅਤੇ ਰੈਸਟੋਰੈਂਟਜ਼ ਵੀ ਮਿਤੀ 07.06.2020 ਤੱਕ ਬੰਦ ਰਹਿਣਗੇ। ਇਸ ਉਪਰੰਤ ਪੰਜਾਬ ਸਰਕਾਰ ਵੱਲੋਂ ਇਸ ਸਬੰਧੀ

ਜਿਲ੍ਹਾ ਮੈਜਿਸਟਰੇਟ, ਫਰੀਦਕੋਟ

Scanned with CamScanner

Standard Operating Procedure (SOP) ਜਾਰੀ ਕੀਤਾ ਜਾਵੇਗਾ। ਇਸ Standard Operating Procedure ਦੇ ਆਧਾਰ ਤੇ ਇਸ ਦਫਤਰ ਵੱਲੋਂ ਮਿਤੀ 07.06.2020 ਨੂੰ ਵੱਖਰਾ ਹੁਕਮ ਜਾਰੀ ਕੀਤਾ ਜਾਵੇਗਾ।

5. ਬਾਰਬਰ ਸ਼ੌਪਸ (ਨਾਈ ਅਤੇ ਵਾਲ ਕੱਟਣ ਦੀਆਂ ਦੁਕਾਨਾਂ), ਬਿਊਟੀ ਪਾਰਲਰਸ ਅਤੇ ਸਪਾਅ (Spas) ਸਵੇਰੇ 07.00 ਵਜੇ ਤੋਂ ਸ਼ਾਮ 07.00 ਤੱਕ ਖੁਲ੍ਹੇ ਰਹਿਣਗੇ ਪਰੰਤੂ ਇਹ ਦੁਕਾਨਾਂ/ ਸੰਸਥਾਨ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਸਿਹਤ ਵਿਭਾਗ ਵੱਲੋਂ ਜਾਰੀ Standard Operating Procedure/ Guidelines ਦੀਆਂ ਪਾਲਣਾ ਕਰਨਗੇ।

6. ਸਪੋਰਟਸ ਕੰਪਲੈਕਸਿਜ਼ ਅਤੇ ਸਟੈਡੀਆ ਬਿਨਾਂ ਦਰਸ਼ਕਾਂ ਦੇ ਖੁਲ੍ਹੇ ਰਹਿਣਗੇ। ਪਰੰਤੂ ਇਹ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਸਿਹਤ ਵਿਭਾਗ ਵੱਲੋਂ ਜਾਰੀ Standard Operating Procedure/ Guidelines ਦੀਆਂ ਪਾਲਣਾ ਕਰਨਗੇ।

7. ਪੇਂਡੂ ਅਤੇ ਸ਼ਹਿਰੀ ਏਰੀਏ ਵਿੱਚ ਉਦਯੋਗਿਕ ਸੰਸਥਾਨ ਅਤੇ ਫੈਕਟਰੀਆਂ ਖੁਲ੍ਹੀਆਂ ਰਹਿਣਗੀਆਂ ਪਰੰਤੂ ਇਹ ਕੋਵਿਡ-19 ਸਬੰਧੀ ਜਾਰੀ Guidelines ਦੀ ਪਾਲਣਾ ਯਕੀਨੀ ਬਣਾਉਣਗੇ।

8. ਪੇਂਡੂ ਅਤੇ ਸ਼ਹਿਰੀ ਏਰੀਏ ਵਿੱਚ ਉਸਾਰੀ ਦੇ ਕੰਮ ਬਿਨ੍ਹਾਂ ਕਿਸੇ ਰੋਕ-ਟੋਕ ਦੇ ਕੀਤੇ ਜਾ ਸਕਦੇ ਹਨ।

9. ਖੇਤੀਬਾੜੀ, ਬਾਗਬਾਨੀ, ਪਸ਼ੂ ਪਾਲਣ ਅਤੇ ਵੈਟਰਨਰੀ ਸਬੰਧੀ ਸੇਵਾਵਾਂ ਬਿਨ੍ਹਾਂ ਕਿਸੇ ਰੋਕ-ਟੋਕ ਦੇ ਚਾਲੂ ਰਹਿਣਗੀਆਂ।

10. ਈ-ਕਮਰਸ ਸਾਰੀਆਂ ਚੀਜ਼ਾਂ ਲਈ ਵਰਤੇ ਜਾ ਸਕਦੇ ਹਨ।

11. ਵਿਆਹ-ਸ਼ਾਦੀਆਂ ਸਬੰਧੀ ਸਮਾਗਮ ਇਸ ਦਫਤਰ ਪਾਸੋਂ ਪ੍ਰਵਾਨਗੀ ਉਪਰੰਤ ਹੀ ਆਯੋਜਿਤ ਕੀਤੇ ਜਾ ਸਕਣਗੇ।

ਇਸ ਤੋਂ ਇਲਾਵਾ ਜਿਲ੍ਹਾ ਫਰੀਦਕੋਟ ਅੰਦਰ ਹੇਠ ਲਿਖੀਆਂ ਗਤੀਵਿਧੀਆਂ ਤੇ ਮੁਕੰਮਲ ਤੌਰ ਤੇ ਪਾਬੰਦੀ ਰਹੇਗੀ:-

ਏ. ਸਿਨੇਮਾ ਹਾਲਜ਼, ਜਿਮਨੇਜੀਅਮ, ਸਵਿਮਿੰਗ ਪੂਲਜ਼, ਥੀਏਟਰਜ਼, ਬਾਰਜ਼, ਆਡੋਟੋਰੀਅਮਜ਼, ਮਨੋਰੰਜਕ ਥਾਵਾਂ, ਅਸੈਂਬਲੀ ਹਾਲਜ਼ ਅਤੇ ਇਸ ਤਰ੍ਹਾਂ ਦੀਆਂ ਹੋਰ ਥਾਵਾਂ।

ਬੀ. ਸਮਾਜਿਕ, ਰਾਜਨੀਤੀ, ਖੇਡਾਂ, ਮਨੋਰੰਜਕ, ਵਿਦਿਅਕ, ਸੱਭਿਆਚਾਰਕ ਅਤੇ ਧਾਰਮਿਕ ਸਮਾਗਮਾਂ ਅਤੇ ਹੋਰ ਵੱਡੇ ਇਕੱਠ ਵਾਲੀਆਂ ਗਤੀਵਿਧੀਆਂ।

ਸੀ. ਪਬਲਿਕ ਥਾਵਾਂ ਤੇ ਥੁੱਕਣ ਦੀ ਮਨਾਹੀ ਹੋਵੇਗੀ।

Scanned with CamScanner

ਡੀ. ਸ਼ਰਾਬ, ਪਾਨ, ਗੁਟਕਾ, ਤੰਬਾਕੂ ਦਾ ਪਬਲਿਕ ਥਾਵਾਂ ਤੇ ਸੇਵਣ ਮਨਾਹੀ ਯੋਗ ਹੈ ਪਰੰਤੂ ਇਸ ਦੀ ਸੇਲ ਖਰੀਦ ਕੀਤੀ ਜਾ ਸਕਦੀ ਹੈ।

ਕਿਉਂਕਿ ਕੋਵਿਡ-19 ਮਹਾਂਮਾਰੀ ਤੋਂ ਬਚਣ ਲਈ ਲੋੜੀਂਦੇ ਸਾਰਥਕ ਕਦਮ ਆਮ ਜਨਤਾ ਦੇ ਸਹਿਯੋਗ ਨਾਲ ਹੀ ਚੁੱਕੇ ਜਾ ਸਕਦੇ ਹਨ। ਇਸ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਹਰ ਵਿਅਕਤੀ, ਦੁਕਾਨਦਾਰ, ਗਾਹਕ ਘੱਟੋ ਘੱਟ 2 ਮੀਟਰ ਦੀ ਸਮਾਜਿਕ ਦੂਰੀ ਬਣਾ ਕੇ ਰੱਖੇਗਾ। ਆਪਣਾ ਮੂੰਹ ਕੱਪੜੇ ਦੇ ਮਾਸਕ, ਸਾਧਾਰਨ ਕੱਪੜੇ ਜਾਂ ਮਾਸਕ ਨਾਲ ਢੱਕ ਕੇ ਰੱਖੇਗਾ। ਇਹ ਵੀ ਹੁਕਮ ਦਿੱਤਾ ਜਾਂਦਾ ਹੈ ਕਿ ਜਿੱਥੋਂ ਤੱਕ ਸੰਭਵ ਹੋਵੇ ਕੇਵਲ ਜਰੂਰੀ ਹਾਲਾਤਾਂ ਵਿੱਚ ਘੱਟ ਤੋਂ ਘੱਟ ਲੋਕ ਘਰਾਂ ਤੋਂ ਬਾਹਰ ਆਉਣ। ਇੱਥੇ ਇਹ ਵੀ ਹੁਕਮ ਦਿੱਤਾ ਜਾਂਦਾ ਹੈ ਕਿ ਚਾਰ ਪਹੀਆ ਅਤੇ ਦੋ ਪਹੀਆ ਵਾਹਨਾਂ ਦੀ ਵਰਤੋਂ ਵੀ ਘੱਟ ਤੋਂ ਘੱਟ ਕੀਤੀ ਜਾਵੇ। ਕੋਵਿਡ-19 ਸਬੰਧੀ ਭਾਰਤ ਸਰਕਾਰ/ ਪੰਜਾਬ ਸਰਕਾਰ ਅਤੇ ਜਿਲ੍ਹਾ ਪ੍ਰਸ਼ਾਸਨ ਵੱਲੋਂ ਸਮੇਂ ਸਮੇਂ ਸਿਰ ਜਾਰੀ ਗਾਈਡਲਾਈਨਜ਼/ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ। ਉਲੰਘਣਾ ਦੀ ਸੂਰਤ ਵਿੱਚ ਕੁਤਾਹੀਕਾਰ ਵਿਰੁੱਧ ਡਿਜਾਸਟਰ ਮੈਨੇਜਮੈਂਟ ਐਕਟ 2005 ਦੀਆਂ ਸਬੰਧਤ ਧਾਰਾਵਾਂ ਤਹਿਤ ਕਾਰਵਾਈ ਕੀਤੀ ਜਾਵੇਗੀ।

ਇਹ ਹੁਕਮ ਲੋਕ ਹਿੱਤਾਂ ਵਿੱਚ ਮਿਤੀ 01.06.2020 ਤੋਂ ਮਿਤੀ 30.06.2020 ਤੱਕ ਲਾਗੂ ਹੋਣਗੇ।

ਇਹ ਹੁਕਮ ਅੱਜ ਮਿਤੀ 01.06.2020 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਜਾਂਦਾ ਹੈ।

ਮਿਤੀ 01.06.2020

(ਕੁਮਾਰ ਸੌਰਭ ਰਾਜ) ਆਈ.ਏ.ਐਸ.,
ਜਿਲ੍ਹਾ ਮੈਜਿਸਟਰੇਟ, ਫਰੀਦਕੋਟ

ਜਿਲ੍ਹਾ ਮੈਜਿਸਟਰੇਟ, ਫਰੀਦਕੋਟ

ਪਿੱ:ਅੰ:ਨੰ: 2914 /ਫਸ-ਫਕ-2 ਮਿਤੀ 01-06-2020

ਉਪਰੋਕਤ ਦਾ ਉਤਾਰਾ:-

1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ
2) ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਗ੍ਰਿਹ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ।
3) ਪ੍ਰਿੰਸੀਪਲ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ
4) ਪ੍ਰਿੰਸੀਪਲ ਸਕੱਤਰ, ਮਾਨਯੋਗ ਮੁੱਖ ਮੰਤਰੀ ਪੰਜਾਬ, ਚੰਡੀਗੜ੍ਹ
5) ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ
6) ਵਾਈਸ ਚਾਂਸਲਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਫਰੀਦਕੋਟ
7) ਸੀਨੀਅਰ ਕਪਤਾਨ ਪੁਲਿਸ, ਫਰੀਦਕੋਟ
8) ਪ੍ਰਿੰਸੀਪਲ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ, ਫਰੀਦਕੋਟ
9) ਵਧੀਕ ਡਿਪਟੀ ਕਮਿਸ਼ਨਰ (ਜ) ਅਤੇ (ਵਿਕਾਸ), ਫਰੀਦਕੋਟ
10) ਉਪ ਮੰਡਲ ਮੈਜਿਸਟਰੇਟ, ਫਰੀਦਕੋਟ/ਕੋਟਕਪੂਰਾ ਅਤੇ ਜੈਤੋ

Scanned with CamScanner

11) ਸਿਵਲ ਸਰਜਨ, ਫਰੀਦਕੋਟ
12) ਜਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ
13) ਡੀ.ਆਈ.ਓ., ਐਨ.ਆਈ.ਸੀ., ਫਰੀਦਕੋਟ
14) ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਫਰੀਦਕੋਟ
15) ਤਹਿਸੀਲਦਾਰ, ਫਰੀਦਕੋਟ, ਕੋਟਕਪੂਰਾ ਅਤੇ ਜੈਤੋ
16) ਬੀ.ਡੀ.ਪੀ.ਓ., ਫਰੀਦਕੋਟ, ਕੋਟਕਪੂਰਾ ਅਤੇ ਜੈਤੋ

ਪਾਸ ਸੂਚਨਾ ਅਤੇ ਉਕਤ ਹੁਕਮਾਂ ਦੀ ਪਾਲਣਾ ਕਰਨ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਮੈਜਿਸਟਰੇਟ,
ਫਰੀਦਕੋਟ।

ਜਿਲ੍ਹਾ ਮੈਜਿਸਟਰੇਟ, ਫਰੀਦਕੋਟ

Scanned with CamScanner